ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: 1162 ਮਿਤੀ: 21/4/23

**ਵਿਸ਼ਾ:-** **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 21/04/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ:27, ਮਿਤੀ 21/04/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

**ਅਜੰਡਾ ਸੁਪਰਡੰਟ,**
**ਨਗਰ ਨਿਗਮ, ਫਗਵਾੜਾ।**

**ਪਿੱਠ ਅੰਕਣ ਨੰ:** 1163-1166 **ਮਿਤੀ:** 21/4/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਅਜੰਡਾ ਸੁਪਰਡੰਟ,**
**ਨਗਰ ਨਿਗਮ, ਫਗਵਾੜਾ।**

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ 21-04-2023 ਨੂੰ ਡਾਂ. ਨਯਨ ਪੀ.ਸੀ.ਐਸ. ਕਮਿਸ਼ਨਰ ਨਗਰ ਨਿਗਮ ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 27<br>21-04-2023 | ਰਿਪੋਰਟ ਵੱਲੋਂ ਸਹਾਇਕ ਨਗਰ ਯੋਜਨਾਕਾਰ ਕਿ ਵਿਸ਼ਾ **Parity in schemes areas and non-scheme areas-conversion of land use of sites falling in Town Planning Schemes/ Building Schemes from adjusted / exempted / area reserved for special purpose to other conforming uses** ਸਬੰਧੀ ਮਾਮਲਾ ਟਾਊਨ ਪਲੈਨਿੰਗ ਸਕੀਮਾਂ ਜਿਹਨਾਂ ਨੂੰ ਲਾਗੂ ਹੋਏ 30 ਸਾਲਾਂ ਤੋਂ ਵੱਧ ਸਮਾਂ ਹੋ ਚੁੱਕਾ ਹੈ ਵਿੱਚ ਬਿਲਡਿੰਗਾਂ ਦੀ ਉਸਾਰੀ ਦੇ ਨਾਰਮਜ ਨੂੰ ਨਾਨ-ਸਕੀਮ ਏਰੀਏ ਦੀ ਤਰਜ ਤੇ ਬਿਲਡਿੰਗ ਬਾਈਲਾਜ ਅਨੁਸਾਰ ਰੈਗੂਲੇਟ ਕਰਨ, ਵਿਸ਼ੇਸ਼ ਮੰਤਵ ਲਈ ਰਾਖਵੇ ਰਕਬੇ ਦੀ ਭੋਂ-ਮੰਤਵ ਤਬਦੀਲੀ ਨਾਨ-ਸਕੀਮ ਏਰੀਏ ਦਾ ਤਰਜ ਤੇ ਸਮਰੱਥ ਅਥਾਰਟੀ ਦੇ ਪੱਧਰ ਤੇ ਕਰਨ ਸਬੰਧੀ ਸਰਕਾਰ ਵਲੋਂ ਤਿਆਰ ਡਰਾਫਟ ਪਾਲਿਸੀ ਨਾਲ ਸਬੰਧਤ ਹੈ।<br>ਵਿਸ਼ੇ ਅਧੀਨ ਡਰਾਫਟ ਪਾਲਿਸੀ ਨੂੰ ਘੋਖਿਆ ਗਿਆ। ਇਸ ਸਬੰਧੀ ਸੁਝਾਅ ਹੇਠ ਲਿਖੇ ਅਨੁਸਾਰ ਹਨ-:<br>**ਕਲਾਜ .1**(b) ਜੇਕਰ ਉਸਾਰੀਕਾਰ ਵੱਲੋਂ ਉਸਾਰੀ ਸਬੰਧੀ ਸਬੂਤ ਦਿੱਤਾ ਜਾਂਦਾ ਹੈ ਕਿ ਉਸ ਦੀ ਉਸਾਰੀ ਮੌਜੂਦਾ ਬਾਈਲਾਜ ਲਾਗੂ ਹੋਣ ਤੋਂ ਪਹਿਲਾਂ ਦੀ ਹੈ ਤਾਂ ਉਸਾਰੀ ਸਮੇਂ ਲਾਗੂ ਬਿਲਡਿੰਗ ਬਾਈਲਾਜ ਅਨੁਸਾਰ ਹੀ ਉਕਤ ਉਸਾਰੀ ਨੂੰ ਰੈਗੂਲਰਾਈਜ ਕੀਤਾ ਜਾਣਾ ਬਣਦਾ ਹੈ। ਇਸ ਤੋਂ ਇਲਾਵਾ ਜੇਕਰ ਉਸਾਰੀ ਬਾਈਲਾਜ ਅਨੁਸਾਰ ਪ੍ਰਮਿਸੀਬਲ ਲਿਮਟ ਤੋਂ ਜਿਆਦਾ ਹੈ ਤਾਂ ਉਸ ਦੇ ਵੱਖਰੇ ਰੇਟ ਫਿਕਸ ਕਰ ਦਿੱਤੇ ਜਾਣ ਤਾਂ ਜੋ ਜਿਆਦਾ ਤੋਂ ਜਿਆਦਾ ਉਸਾਰੀਆਂ ਨੂੰ ਰੈਗੂਲਰਾਈਜ ਕੀਤਾ ਜਾ ਸਕਣ।<br>**ਕਲਾਜ .2 (b)** ਸਬ-ਡਵੀਜਨ ਦੇ ਮਾਮਲੇ ਵਿੱਚ ਪੈਰਾਮੀਟਰ ਫੀਕਸ ਕੀਤੇ ਜਾਣੇ ਬਣਦੇ ਹਨ ਜਿਵੇਂ ਕਿ ਸਬ-ਡਵੀਜਨ ਕੀਤੇ ਜਾਣ ਵਾਲੇ ਪਲਾਟ ਦਾ ਵੱਧੋ-ਵੱਧ ਰਕਵਾ ਅਤੇ ਸਬ-ਡਵੀਜਨ ਉਪਰੰਤ ਪਲਾਟ ਦਾ ਘੱਟੋ-ਘੱਟ ਰਕਵਾ ਆਦਿ। | ------ | ਸੂਚਨਾ ਹਿੱਤ। |

ਦਫ਼ਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA 144401
Office: 01824-260426 Fax: 01824-223308
Website: www.mcphagwara.com Email: comm.mcpgw@punjab.gov.in

| | | | | |
|---|---|---|---|---|
| | | **ਕਲਾਜ ਨੰ.2** .(e) ਕਿਉਂ ਜੋ ਸਾਲ 2006 ਤੋਂ ਬਾਅਦ ਨਵੀਆਂ ਨਗਰ ਨਿਗਮਾਂ ਹੋਂਦ ਵਿੱਚ ਆ ਚੁੱਕੀਆਂ ਹਨ ਅਤੇ ਸਾਲ 2006 ਵਾਲੀ ਪਾਲਿਸੀ ਅੰਦਰ ਨਵੀਆਂ ਨਗਰ ਨਿਗਮਾਂ ਦੇ ਟੀ.ਪੀ. ਸਕੀਮਾਂ ਦੇ ਰੇਟ ਫਿਕਸ ਨਹੀਂ ਹਨ । ਇਸ ਲਈ ਸਮੂਹ ਸਥਿਤੀ ਸਥਾਨਕ ਸੰਸਥਾਵਾਂ ਦੇ ਲੈਂਡ-ਮੰਤਵ ਤਬਦੀਲੀ ਦੇ ਚਾਰਜਿਜ ਪਾਲਿਸੀ ਅੰਦਰ ਸਪਸ਼ਟ ਕੀਤੇ ਜਾਣ। ਇਸੇ ਅਧੀਨ ਮਾਮਲੇ ਸਬੰਧੀ ਕਮਿਸ਼ਨਰ ਨਗਰ ਨਿਗਮ ਜੀ ਵਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਉਕਤ ਟਿੱਪਣੀ/ਸੁਝਾਅ ਸਰਕਾਰ ਨੂੰ ਮਤੇ ਦੇ ਰੂਪ ਵਿੱਚ ਭੇਜੇ ਜਾਣੇ ਹਨ। ਇਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵਲੋਂ ਜਾਰੀ ਨੋਟੀਫਿਕੇਸ਼ਨ ਨੰਬਰ **5/71/2017/MEO/DA/334** ਮਿਤੀ 23.03.2020 ਰਾਹੀ ਹਾਊਸ ਦੀਆਂ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਨੂੰ ਦਿੱਤੀਆਂ ਗਈਆਂ ਹਨ ਇਸ ਲਈ ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਨਯੋਗ ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਦੇ ਹੁਕਮ ਨੰ. 4105 ਮਿਤੀ 13.12.2022 ਰਾਹੀ ਬਣਾਈ ਗਈ **Regulation Committee** ਉਕਤ ਸਬੰਧੀ ਮਤਾ ਪਾਉਣ ਲਈ ਦਿੱਤੀ ਗਈ ਪ੍ਰਵਾਨਗੀ ਉਪਰੰਤ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | | |

ਤਸਦੀਕੀ ਕਾਪੀ

ਅਜੰਡਾ ਸੁਪਰਡੈਂਟ
ਨਗਰ ਨਿਗਮ, ਫਗਵਾੜਾ।